**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਸਿੱਖਿਆ 2 ਸਾਖਾ)**

## ਅਧਿਸੂਚਨਾ

ਮਾਨਯੋਗ ਗਵਰਨਰ ਪੰਜਾਬ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ (ਸਿੱਖਿਆ-2 ਸਾਖਾ) ਦੇ ਹੁਕਮ ਨੰਬਰ: 11/50/93-3ਸਿ2/3496-98 ਮਿਤੀ 8-9-10 ਦੀ ਲਗਾਤਾਰਤਾ ਵਿੱਚ ਅਗਲੇ ਹੁਕਮਾਂ ਤੱਕ ਪੰਜਾਬ ਸਕੂਲ ਫਿਜੀਕਲ ਐਜੂਕੇਸਨ ਡਿਵੈਲਪਮੈਟ ਫੰਡ ਕਮੇਟੀ ਦਾ ਗਠਨ ਹੇਠ ਲਿਖੇ ਅਨੁਸਾਰ ਕਰਨ ਦੀ ਪ੍ਰਵਾਨਗੀ ਦਿੰਦੇ ਹਨ :-

| | | |
|---|---|---|
| (1). | ਸਿੱਖਿਆ ਮੰਤਰੀ,ਪੰਜਾਬ | ਚੇਅਰਮੈਨ |
| (2). | ਸਕੱਤਰ ਸਕੂਲ ਸਿੱਖਿਆ | ਵਾਈਸ ਚੇਅਰਮੈਨ |
| (3). | ਵਧੀਕ ਸਕੱਤਰ ਸਕੂਲ ਸਿੱਖਿਆ | ਮੈਬਰ |
| (4). | ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ)ਪੰਜਾਬ | ਮੈਬਰ |
| (5). | ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ),ਪੰਜਾਬ | ਮੈਬਰ |
| (6). | ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸਨ) | ਮੈਂਬਰ ਸਕੱਤਰ-ਕਮ-ਵਿੱਤ ਸਕੱਤਰ |
| (7). | ਸਟੇਟ ਆਰਗੇਨਾਈਜਰ (ਫਿਜੀਕਲ ਐਜੂਕੇਸਨ) | ਮੈਂਬਰ |
| (8). | ਵਿਸੇਸ ਸੱਦੇ ਤੇ | ਸਰੀਰਕ ਸਿੱਖਿਆ ਵਿਸ਼ੇ ਨਾਲ ਸਬੰਧਤ ਪ੍ਰੋਫੈਸਰ/ਲੈਕਚਰਾਰ / ਅਧਿਆਪਕ ਜੋ ਖੁਦ ਰਾਸਟਰੀ /ਅੰਤਰ ਰਾਸਟਰੀ ਪੱਧਰ ਦਾ ਖਿਡਾਰੀ ਹੋਵੇ ਜਾਂ ਉੱਘਾ ਰਾਸਟਰੀ, ਅੰਤਰ ਰਾਸਟਰੀ ਖਿਡਾਰੀ/ ਖੇਡ ਪ੍ਰਮੋਟਰ ਹੋਵੇ ਅਤੇ ਹੁਣ ਵੀ ਖੇਡ ਗਤੀਵਿਧੀਆਂ ਨਾਲ ਜੁੜਿਆ ਹੋਵੇ । |

**1. ਹੈਡੱਕੁਆਰਟਰ**

ਪੰਜਾਬ ਸਕੂਲ ਫਿਜੀਕਲ ਐਜੂਕੇਸਨ ਡਿਵੈਲਮੈਟ ਫੰਡ ਕਮੇਟੀ(ਪੰ.ਸ.ਫਿ.ਐ.ਡਿ.ਫੰ.ਕ.) ਦਾ ਮੁੱਖ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਹੋਵੇਗਾ।

2. **ਮੀਟਿੰਗਾਂ ਸੰਬੰਧੀ**

ਪੰਜਾਬ ਸਕੂਲ ਫਿਜੀਕਲ ਐਜੂਕੇਸਨ ਡਿਵੈਲਮੈਂਟ ਫੰਡ ਕਮੇਟੀ ਦੀ ਸਾਲ ਵਿੱਚ ਦੋ ਵਾਰ, ਮਾਰਚ/ਅਪ੍ਰੈਲ ਅਤੇ ਅਗਸਤ/ਸਤੰਬਰ ਦੇ ਮਹੀਨੇ ਵਿੱਚ, ਮੀਟਿੰਗ ਕੀਤੀ ਜਾਵੇਗੀ। ਜਰੂਰਤ ਪੈਣ ਤੇ ਵਿਸੇਸ ਮੀਟਿੰਗ ਵੀ ਕੀਤੀ ਜਾ ਸਕਦੀ ਹੈ।

3. **ਸਪੋਰਟਸ-ਫੰਡ ਦੀਆਂ ਸੋਧੀਆਂ ਦਰਾਂ ਸੰਬੰਧੀ**

ਪੰਜਾਬ ਰਾਜ ਵਿੱਚ ਮਿਤੀ 01-04-2012 ਤੋਂ ਆਰ.ਟੀ.ਈ ਐਕਟ-2009 ਦੇ ਲਾਗੂ ਹੋ ਜਾਣ ਕਾਰਨ ਅਤੇ ਪੰਜਾਬ ਸਰਕਾਰ ਵੱਲੋਂ ਲੜਕੀਆਂ ਦੀ ਬਾਰ੍ਹਵੀਂ ਜਮਾਤ ਤੱਕ ਦੀ ਸਿੱਖਿਆ ਮੁਫਤ ਕਰਨ ਕਰਕੇ ਖੇਡ ਗਤੀਵਿਧੀਆਂ ਲਈ ਫੰਡਾਂ ਦੀ ਇੱਕਤਰਤਾ ਵਿੱਚ ਆਈ ਘਾਟ ਨੂੰ ਪੂਰਾ ਕਰਨ ਲਈ ਪੰਜਾਬ ਰਾਜ ਦੇ ਹਰ ਇੱਕ ਸਕੂਲ - ਸਰਕਾਰੀ ਸਕੂਲ, ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲ, ਗੈਰ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲ, ਭਾਵੇਂ ਉਹ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ/ਐਫੀਲੀਏਟਿਡ/ਐਸੋਸੀਏਟਿਡ ਹੋਵੇ - ਦੇ ਨੌਵੀਂ ਤੋਂ ਬਾਰ੍ਹਵੀਂ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ (ਲੜਕਿਆਂ) ਤੋਂ ਸਪੋਰਟਸ ਫੰਡ ਹੇਠ ਲਿਖੇ ਅਨੁਸਾਰ ਇੱਕਤਰ ਕੀਤਾ ਜਾਵੇਗਾ :-

| ਲੜੀ ਨੰ | ਜਮਾਤ | ਸਪੋਰਟਸ ਫੰਡ ਦੀ ਪੁਰਾਣੀ ਦਰ | ਸਪੋਰਟਸ ਫੰਡ ਦੀ ਨਵੀ ਦਰ (ਮਿਤੀ 01-04-2012 ਤੋ) |
|---|---|---|---|
| 1. | ਸੈਕੰਡਰੀ ਜਮਾਤਾਂ (ਨੌਵੀਂ ਅਤੇ ਦਸਵੀਂ) | 4 ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ | 10 ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ |
| 2. | ਸੀਨੀਅਰ- ਸੈਕੰਡਰੀ ਜਮਾਤਾਂ (11ਵੀਂ ਅਤੇ ਬਾਰ੍ਹਵੀਂ) | 5 ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ | 12 ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ |

ਨੋਟ: ਸਪੋਰਟਸ ਫੰਡ ਦੀਆਂ ਉਪਰੋਕਤ ਦਰਸਾਈਆਂ ਨਵੀਆਂ ਦਰਾਂ ਮਿਤੀ 01-04-2012 ਤੋਂ ਲਾਗੂ ਹੋਣਗੀਆਂ।

ਜੇਕਰ ਕੋਈ ਸਕੂਲ ਸਪੋਰਟਸ ਫੰਡ ਦੇਣ ਤੋਂ ਇਨਕਾਰੀ ਹੋਵੇਗਾ ਤਾਂ ਪੰਜਾਬ ਰਾਜ ਸਕੂਲ ਖੇਡਾਂ ਵਿੱਚ ਉਸ ਸਕੂਲ ਦੇ ਵਿਦਿਆਰਥੀਆਂ ਦੇ ਭਾਗ ਲੈਣ ਤੇ ਰੋਕ ਰੋਕ ਲਗਾ ਦਿੱਤੀ ਜਾਵੇਗੀ ਅਤੇ ਅਜਿਹੇ ਸਕੂਲ ਦੀ ਮਾਨਤਾ ਰੱਦ ਕਰਨ ਲਈ ਸੰਬੰਧੀ ਕਾਰਵਾਈ ਕੀਤੀ ਜਾਵੇਗੀ।

4. **ਫੰਡਾਂ ਦੀ ਵੰਡ ਸੰਬੰਧੀ**

ਪੰਜਾਬ ਰਾਜ ਦੇ ਸਕੂਲਾਂ ਵਿੱਚੋ ਇੱਕਤਰ ਹੋਏ ਸਪੋਰਟਸ ਫੰਡ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ:-

| | | |
|---|---|---|
| (1) | ਸੰਬੰਧਿਤ ਸਕੂਲ | 20% |
| (2) | ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.) | 25% |
| (3) | ਹੈਡੱਕੁਆਟਰ<br>ਸਪੋਰਟਸ ਸਾਖਾ, ਦਫਤਰ ਡੀ.ਪੀ.ਆਈ.(ਸੈ:ਸਿ),ਪੰਜਾਬ | 55% |

ਸਕੂਲ-ਮੁਖੀ ਵੱਲੋਂ ਵਿੱਦਿਅਕ ਸਾਲ ਦੀ ਸਮਾਪਤੀ ਉਪਰੰਤ ਅਪ੍ਰੈਲ ਮਹੀਨੇ ਦੌਰਾਨ ਹੀ ਇੱਕਤਰ ਕੀਤੇ ਕੁੱਲ ਫੰਡਾਂ ਦਾ 20% ਹਿੱਸਾ ਆਪਣੇ ਪਾਸ ਰੱਖ ਕੇ ਬਾਕੀ ਰਹਿੰਦਾ 80% ਹਿੱਸਾ ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵਿਖੇ ਜਮ੍ਹਾਂ ਕਰਵਾਇਆ ਜਾਵੇਗਾ। ਜਿਲ੍ਹਾ

ਸਿੱਖਿਆ ਅਫਸਰ ਜਿਲ੍ਹੇ ਦੇ ਸਾਰੇ ਸਕੂਲਾਂ ਤੋਂ ਇੱਕਤਰ ਹੋਏ ਫੰਡ ਵਿੱਚੋਂ ਉਪਰੋਕਤ ਅਨੁਸਾਰ ਕੁੱਲ ਫੰਡ ਦਾ 25% ਹਿੱਸਾ ਆਪਣੇ ਪਾਸ ਰੱਖ ਕੇ ਕੁੱਲ ਫੰਡ ਦਾ ਬਾਕੀ 55% ਹਿੱਸਾ ਸਟੇਟ ਹੈਡੱ-ਕੁਆਰਟਰ - ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਦੀ ਸਪੋਰਟਸ ਸਾਖਾ ਪਾਸ ਬੈਕ ਡਰਾਫਟ ਸੀ.ਬੀ.ਐਸ.ਬਰਾਂਚ ਦਾ ਚੈਕ ਰਾਹੀਂ ਭੇਜਣਗੇ। ਪੰਜਾਬ ਸਕੂਲ ਫਿਜੀਕਲ ਐਜੂਕੇਸਨ ਡਿਵੈਲਪਮੈਟ ਫੰਡ ਕਮੇਟੀ ਦੇ ਵਿੱਤ ਸਕੱਤਰ "ਡਿਪਟੀ ਡਾਇਰੈਕਟਰ ਫਿਜੀਕਲ ਐਜੂਕੇਸਨ ਹੋਣਗੇ ਅਤੇ ਉਹ ਹੀ ਇਸਦਾ ਖਾਤਾ ਮੇਨਟੇਨ ਕਰਨਗੇ। ਵਿੱਤ ਸਕੱਤਰ ਕਿਸੇ ਅਨੁਸੂਚਿਤ ਬੈਕ ਵਿੱਚ ਸਪੋਰਟਸ ਫੰਡ ਦਾ ਖਾਤਾ ਖੋਲ੍ਹਣਗੇ ਅਤੇ ਜਿਲ੍ਹਿਆਂ ਤੋਂ ਪ੍ਰਾਪਤ ਹੋਇਆ ਸਾਰਾ ਸਪੋਰਟਸ ਫੰਡ ਇਸ ਖਾਤੇ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।

5. **ਵਿੱਤੀ ਅਧਿਕਾਰ**

ਸਪੋਰਟਸ-ਫੰਡ ਨੂੰ ਖਰਚ ਕਰਨ ਲਈ ਹੇਠ ਲਿਖੇ ਅਨੁਸਾਰ ਅਧਿਕਾਰ ਦਿੱਤੇ ਜਾਂਦੇ ਹਨ :-

| | |
|---|---|
| (1) ਮਾਨਯੋਗ ਸਿੱਖਿਆ ਮੰਤਰੀ-ਕਮ-ਚੇਅਰਮੈਨ | -ਪੂਰੇ ਅਧਿਕਾਰ |
| (2) ਸਕੱਤਰ ਸਕੂਲ ਸਿੱਖਿਆ-ਕਮ-ਵਾਈਸ ਚੇਅਰਮੈਨ | -ਦੋ ਲੱਖ ਰੁਪਏ ਤੱਕ |
| (3) ਡੀ.ਪੀ.ਆਈ.(ਸੈ.ਸਿ.)-ਕਮ-ਮੈਂਬਰ | -ਇੱਕ ਲੱਖ ਰੁਪਏ ਤੱਕ |
| (4) ਡਿਪਟੀ ਡਾਇਰੈਕਟਰ(ਫਿ.ਐ.)-ਕਮ-ਮੈਂਬਰ ਸਕੱਤਰ | -ਪੰਜਾਹ ਹਜਾਰ ਰੁਪਏ ਤੱਕ |

(ਜਿਸ ਦੀ ਡੀ.ਪੀ.ਆਈ.(ਸ) ਪੰਜਾਬ ਪਾਸੋਂ ਕਾਰਜ ਬਾਅਦ ਪ੍ਰਵਾਨਗੀ ਲਈ ਜਾਵੇਗੀ)

6. **ਸਪੋਰਟਸ-ਫੰਡ ਦੀ ਵਰਤੋਂ ਸੰਬੰਧੀ**

(1) ਇਹ ਫੰਡ ਸਿਰਫ ਪ੍ਰਾਂਤ ਦੇ ਵਿਦਿਆਰਥੀਆਂ ਦੀਆਂ ਖੇਡ-ਕਿਰਿਆਵਾਂ ਲਈ ਹੀ ਵਰਤਿਆ ਜਾਵੇਗਾ । ਜੇਕਰ ਇਸ ਫੰਡ ਨੂੰ ਕਿਸੇ ਹੋਰ ਮਕਸਦ ਲਈ ਖਰਚ ਕਰਨ ਦੀ ਜਰੂਰਤ ਪੈਂਦੀ ਹੈ ਤਾਂ ਪੰਜਾਬ ਸਕੂਲ ਫਿਜੀਕਲ ਐਜੂਕੇਸਨ ਡਿਵੈਲਪਮੈਟ ਫੰਡ ਕਮੇਟੀ ਦੀ ਮੀਟਿੰਗ ਵਿੱਚ ਪੂਰਵ ਪ੍ਰਵਾਨਗੀ ਉਪਰੰਤ ਹੀ ਖਰਚ ਕੀਤਾ ਜਾ ਸਕੇਗਾ ।

(2) ਸਪੋਰਟਸ ਸਾਖਾ ਵੱਲੋਂ ਵਿੱਤੀ-ਸਾਲ ਦੇ ਪਹਿਲੇ ਮਹੀਨੇ ਦੌਰਾਨ ਹੀ ਖੇਡ ਗਤੀਵਿਧੀਆਂ ਨਾਲ ਸੰਬੰਧਿਤ ਸਾਰੇ ਸਾਲ ਦੀ ਯੋਜਨਾ ਤਿਆਰ ਕੀਤੀ ਜਾਵੇ ਅਤੇ ਸਾਰੇ ਖਰਚੇ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨ ਕਰਵਾਉਣ ਉਪਰੰਤ ਹੀ ਕੀਤੇ ਜਾਣਗੇ।

(3) ਖੇਡਾਂ ਦੌਰਾਨ ਜੇਕਰ ਕਿਸੇ ਖਿਡਾਰੀ ਨਾਲ ਕੋਈ ਅਣ-ਸੁਖਾਵੀਂ ਘਟਨਾ ਵਾਪਰ ਜਾਂਦੀ ਹੈ ਤਾਂ ਇਸ ਮਕਸਦ ਲਈ ਸਾਰਾ ਖਰਚ ਪੰਜਾਬ ਸਕੂਲ ਫਿਜੀਕਲ ਐਜੂਕੇਸਨ ਡਿਵੈਲਪਮੈਟ ਫੰਡ ਕਮੇਟੀ ਵੱਲੋਂ ਕੀਤਾ ਜਾਵੇਗਾ।

(4) ਸਕੂਲ ਪਧੱਰ ਤੇ ਇਸ ਫੰਡ ਦਾ ਹਿੱਸਾ ਸਕੂਲ-ਮੁਖੀ ਵੱਲੋਂ ਕੇਵਲ ਖੇਡਾਂ ਨਾਲ ਸੰਬੰਧਿਤ ਕਿਰਿਆਵਾਂ ਲਈ ਹੀ ਖਰਚਿਆ ਜਾਵੇਗਾ।

(5) ਜਿਲ੍ਹਾ ਸਿੱਖਿਆ ਅਫਸਰ ਵੱਲੋਂ ਇਸ ਫੰਡ ਦੀ ਵਰਤੋਂ ਕੇਵਲ ਖੇਡ ਗਤੀਵਿਧੀਆਂ ਲਈ ਹੀ ਕੀਤੀ ਜਾਵੇਗੀ ।

(6) ਹਰ ਸਾਲ ਰਾਜ-ਪੱਧਰੀ ਖੇਡਾਂ ਤੇ ਹੋਣ ਵਾਲੇ ਖਰਚ ਦੀ ਪ੍ਰਵਾਨਗੀ ਅਗਾਂਹ ਹੋਣ ਵਾਲੀ ਨੋਟੀਫਿਕੇਸਨ ਤੱਕ ਮੰਨੀ ਜਾਵੇਗੀ।

(7) ਕਿਸੇ ਵੀ ਪੱਧਰ ਤੇ ਖਿਡਾਰੀਆਂ ਨੂੰ ਸਕਾਲਰਸਿਪ, ਖੇਡ ਸਹੂਲਤਾਂ, ਖੇਡ ਸਮਾਨ ਮੁਹਈਆ ਕਰਾਉਣ, ਖੇਡ ਮੈਦਾਨ ਨੂੰ ਵਰਤੋਂ ਯੋਗ ਕਰਨ ਅਤੇ ਸਾਜੋ-ਸਮਾਨ ਉਪਲਬਧ ਕਰਾਉਣ ਲਈ ਸਪੋਰਟਸ ਫੰਡ ਵਰਤਿਆ ਜਾ ਸਕਦਾ ਹੈ ਪਰੰਤੂ ਪੰਜਾਬ ਸਕੂਲ ਫਿਜੀਕਲ ਐਜੂਕੇਸਨ ਡਿਵੈਲਪਮੈਟ ਫੰਡ ਕਮੇਟੀ ਤੋਂ ਇਸ ਦੀ ਪੂਰਵ ਪ੍ਰਵਾਨਗੀ ਲੈਣੀ ਜਰੂਰੀ ਹੋਵੇਗੀ।

(8) ਖੇਡਾਂ ਦੇ ਮਕਸਦ ਲਈ ਕੀਤੇ ਗਏ ਸਾਰੇ ਖਰਚ ਕਮੇਟੀ ਦੀ ਅਗਲੀ ਮੀਟਿੰਗ ਵਿੱਚ ਵਿਚਾਰਨ ਉਪਰੰਤ ਦਰੁਸਤ ਕੀਤੇ ਜਾਣਗੇ। ਸਾਰੇ ਮੈਬਰਾਂ ਵੱਲੋਂ ਖਰਚ ਕਰਨ ਸਮੇਂ ਪੰਜਾਬ ਵਿੱਤੀ ਨਿਯਮਾਵਲੀ ਅਤੇ ਵਿੱਤ ਵਿਭਾਗ ਤੋ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ।

(9) ਵਿੱਤੀ-ਵਰ੍ਹੇ ਦੌਰਾਨ ਹੋਈ ਆਮਦਨ ਅਤੇ ਕੀਤੇ ਗਏ ਖਰਚ ਦੀ ਪ੍ਰਵਾਨਗੀ ਪੰਜਾਬ ਸਕੂਲ ਫਿਜੀਕਲ ਐਜੂਕੇਸਨ ਡਿਵੈਲਪਮੈਟ ਫੰਡ ਕਮੇਟੀ ਵੱਲੋਂ ਵਿੱਤੀ-ਵਰ੍ਹੇ ਦੀ ਸਮਾਪਤੀ ਉਪਰੰਤ ਦਿੱਤੀ ਜਾਵੇਗੀ ।

7. ਸਕੂਲ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ ਮੁੱਖ ਦਫਤਰ ਦੇ ਸਪੋਰਟਸ ਫੰਡ ਦਾ ਆਡਿਟ ਪੰਜਾਬ ਸਕੂਲ ਫਿਜੀਕਲ ਐਜੂਕੇਸਨ ਡਿਵੈਲਪਮੈਂਟ ਫੰਡ ਕਮੇਟੀ ਵਲੋਂ ਨਿਯੁਕਤ ਕੀਤੇ ਗਏ ਚਾਰਟਰਡ ਅਕਾਉਟੈਂਟ ਵਲੋਂ ਕੀਤਾ ਜਾਵੇਗਾ ।

8. ਫਿਜੀਕਲ ਐਜੂਕੇਸਨ ਅਧਿਆਪਕਾਂ ਦੇ ਰਿਫਰੈਸਰ-ਕੋਰਸ ਐਨ.ਆਈ.ਐਸ. ਪਟਿਆਲਾ ਵਿਖੇ ਆਰ.ਐਮ.ਐਸ.ਏ. ਪੰਜਾਬ ਵੱਲੋਂ ਲਗਾਉਣ ਲਈ ਤਜਵੀਜ਼ ਤਿਆਰ ਕਰਕੇ ਡੀ.ਜੀ.ਐਸ.ਈ. ਨੂੰ ਭੇਜਣ ਦਾ ਅਧਿਕਾਰ ਡਿਪਟੀ ਡਾਇਰੈਕਟਰ ਫਿਜੀਕਲ ਐਜੂਕੇਸਨ ਨੂੰ ਦਿੱਤਾ ਜਾਂਦਾ ਹੈ। ਪੰਜਾਬ ਦੇ ਸਰੀਰਿਕ ਸਿੱਖਿਆ ਅਧਿਆਪਕਾਂ ਦੇ ਰਿਫਰੈਸਰ ਕੋਰਸ ਆਰ.ਐਮ.ਐਸ.ਏ. ਵੱਲੋਂ ਟੀਚਰ-ਟ੍ਰੇਨਿੰਗ ਲਈ ਆਯੋਜਿਤ ਕੀਤੇ ਜਾਂਦੇ ਸੈਮੀਨਾਰਾਂ ਦੌਰਾਨ ਇਹ ਰਿਫਰੈਸਰ ਕੋਰਸ ਕਰਵਾਏ ਜਾਣ।

9. ਸਪੋਟਸ ਅਥਾਰਟੀ ਆਫ ਇੰਡੀਆ ਤੋਂ ਖੇਡ-ਸਕੀਮਾਂ ਸਿੱਖਿਆ ਵਿਭਾਗ ਵਿੱਚ ਲਿਆਉਣ ਲਈ ਅਧਿਕਾਰ ਸਪੋਰਟਸ ਸਾਖਾ ਨੂੰ ਦਿੱਤੇ ਜਾਂਦੇ ਹਨ।

10. ਰਿਹਾਇਸੀ ਖੇਡ-ਵਿੰਗਾਂ ਵਾਲੇ ਸਕੂਲਾਂ ਵਿੱਚ ਖੇਡਾਂ ਵਿੱਚ ਰੁਚੀ ਰੱਖਣ ਵਾਲੇ ਪ੍ਰਿੰਸੀਪਲਾਂ ਨੂੰ, ਜੇਕਰ ਉਪਲਬਧ ਹੋਣ, ਨਿਯੁਕਤ ਕਰ ਦਿੱਤਾ ਜਾਵੇ ਅਤੇ ਜਿਨ੍ਹਾਂ ਸਕੂਲਾਂ ਵਿੱਚ ਖੇਡ-ਵਿੰਗ ਖੋਲ੍ਹਿਆ ਜਾਣਾ ਹੈ, ਉਹਨਾਂ ਸਕੂਲਾਂ ਵਿੱਚ ਐਨ.ਆਈ.ਐਸ. ਟ੍ਰੇਂਡ ਅਧਿਆਪਕਾਂ ਨੂੰ ਸਰੀਰਿਕ ਸਿੱਖਿਆ ਅਧਿਆਪਕਾਂ ਦੀ ਥਾਂ ਖਾਲੀ ਹੋਣ ਦੀ ਸੂਰਤ ਵਿੱਚ ਪੱਕੇ ਤੌਰ ਤੇ ਲਗਾ ਦਿੱਤਾ ਜਾਵੇ। ਜੇਕਰ ਅਜਿਹੇ ਸਕੂਲ ਵਿੱਚ ਸਰੀਰਿਕ ਸਿੱਖਿਆ ਅਧਿਆਪਕ ਦੀ ਪੋਸਟ ਖਾਲੀ ਨਹੀਂ ਹੈ ਤਾਂ ਕਿਸੇ ਹੋਰ ਸਕੂਲ ਤੋਂ ਸਰੀਰਿਕ ਸਿੱਖਿਆ ਅਧਿਆਪਕ ਦੀ ਡਿਊਟੀ ਲਗਾ ਦਿੱਤੀ ਜਾਵੇਗੀ ਅਤੇ ਜਿਸ ਸਕੂਲ ਤੋਂ ਅਧਿਆਪਕ ਲਿਆ ਗਿਆ ਹੈ, ਉਸ ਸਕੂਲ ਵਿੱਚ ਬਦਲਵਾਂ ਪ੍ਰਬੰਧ ਕਰ ਦਿੱਤਾ ਜਾਵੇਗਾ।

11. ਖਿਡਾਰੀਆਂ ਅਤੇ ਆਫੀਸੀਅਲਾਂ ਦੀ ਡਾਇਟ ਮਨੀ ਅਤੇ ਰਿਫਰੈਸਮੈਂਟ ਹੇਠ ਲਿਖੇ ਅਨੁਸਾਰ ਹੋਵੇਗੀ:-

| ਲੜੀ ਨੰ | ਡਾਈਟ ਮਨੀ/ ਰੀਫਰੈਸਮੈਂਟ ਦਾ ਮਕਸਦ | ਪਹਿਲਾਂ ਦਿੱਤੀ ਜਾਂਦੀ ਡਾਇਟ-ਮਨੀ/ਰਿਫਰੈ-ਮੈਂਟ ਪ੍ਰਤੀ ਖਿਡਾਰੀ/ਪ੍ਰਤੀ ਆਫ.ਿਸ.ਿਅਲ ਪ੍ਰਤੀ ਦਿਨ (ਰੁਪਏ) | ਵਾਧਾ (ਰੁਪਏ) | 01.4.09 ਤੋਂ 31.03.12 ਤੱਕ ਵਾਧਾ (ਰੁਪਏ) | ਮੌਜੂਦਾ ਦਰ ਪ੍ਰਤੀ ਦਿਨ (01.04.2012 ਤੋਂ) (ਰੁਪਏ) | ਵਿਸੇਸ ਕਥਨ |
|---|---|---|---|---|---|---|
| 1 | ਰਾਸਟਰੀ ਸਕੂਲ ਖੇਡਾਂ ਦੇ ਖਿਡਾਰੀ ਅਤੇ ਆਫੀਸੀਅਲ ਲਈ ਡਾਈਟ | 100 | 25 | 25 | 125 | ਸਕੂਲ ਗੇਮਜ ਫੇਡਰੈਸਨ ਆਫ ਇੰਡੀਆ ਵੱਲੋਂ ਸਮੇ ਸਮੇਂ ਕੀਤੇ ਜਾਣ ਵਾਲੇ ਵਾਧੇ ਅਨੁਸਾਰ ਵਾਧਾ ਕੀਤਾ ਜਾਵੇਗਾ। |
| 2 | ਰਾਸਟਰੀ ਸਕੂਲ ਖੇਡਾਂ ਰਿਫਰੈਸਮੈਂਟ (ਖਿਡਾਰੀਆਂ ਲਈ) | 20 | 5 | 5 | 25 | |
| 3 | ਜਿਲ੍ਹਾ ਟੂਰਨਾਮੈਂਟ ਦੌਰਾਨ ਖਿਡਾਰੀਆ ਲਈ ਰਿਫਰੈਸਮੈਂਟ | 05 | 10 | - | 15 | |
| 4 | ਅੰਤਰ ਜਿਲ੍ਹਾ ਸਕੂਲ ਖੇਡਾਂ, ਪ੍ਰੀ-ਕੋਚਿੰਗ ਕੈਪ ਸਟੇਟ/ਨੈਸਨਲ, ਸਪੋਰਟਸ ਵਿੰਗਾਂ ਅਤੇ ਸਮਰ ਕੋਚਿੰਗ ਕੈਪ ਵਿਚ ਡਾਈਟ ਮਨੀ | 70 | 55 | 70 | 125 | |

12. ਇੱਕ ਹੀ ਕੰਪਲੈਕਸ ਵਿੱਚ ਚੱਲ ਰਹੇ ਪ੍ਰਾਇਮਰੀ ਅਤੇ ਮਿਡਲ/ਸੈਕੰਡਰੀ/ਸੀਨੀਅਰ ਸੈਕੰਡਰੀ ਸਕੂਲ ਵਿੱਚ ਕੰਮ ਕਰ ਰਹੇ ਪੀ.ਟੀ.ਆਈ. ਨੂੰ ਪ੍ਰਾਇਮਰੀ ਅਤੇ ਸੈਕੰਡਰੀ, ਦੋਹਾਂ ਵਿਭਾਗਾਂ ਦੀਆਂ ਖੇਡਾਂ ਕਰਵਾਉਣ ਲਈ ਜਿੰਮੇਵਾਰ ਹੋਣਗੇ ਅਤੇ ਸਕੂਲਾਂ ਵਿੱਚ ਸਵੇਰ ਦੀ ਸਭਾ ਦਾ ਸਮਾਂ 15 ਮਿਨਟ ਦੀ ਥਾਂ 20 ਮਿਨਟ ਹੋਵੇਗਾ ਤਾਂ ਜੋ 10 ਮਿਨਟ ਦੀ ਪ੍ਰਾਰਥਨਾ-ਸਭਾ ਅਤੇ 10 ਮਿਨਟ ਦੀ ਪੀ.ਟੀ. ਕਰਵਾਈ ਜਾ ਸਕੇ।

13. ਨੈਸਨਲ ਸਕੂਲ ਖੇਡਾਂ ਦੇ ਪ੍ਰੀ-ਨੈਸਨਲ ਕੋਚਿੰਗ ਕੈਪਾਂ, ਖੇਡ ਟੀਮਾਂ ਦੇ ਨਾਲ ਆਉਣ ਜਾਣ ਵਾਲੇ ਜਨਰਲ ਮਨੇਜਰ ਅਤੇ ਖੇਡ-ਵਿੰਗਾਂ ਵਿੱਚ ਕੋਚਾਂ/ਸਰੀਰਕ ਸਿੱਖਿਆ ਅਧਿਆਪਕਾਂ ਦੀ ਡਿਊਟੀ ਲਗਾਉਣ ਦੇ ਅਧਿਕਾਰ ਡਿਪਟੀ ਡਾਇਰੈਕਟਰ (ਫਿ.ਐ.) ਪਾਸ ਹੋਣਗੇ। ਕੋਚਿੰਗ-ਕੈਪਾਂ ਅਤੇ ਖੇਡ-ਟੀਮਾਂ ਦੇ ਨਾਲ ਆਉਣ-ਜਾਣ ਲਈ ਇਸਤਰੀ ਸਰੀਰਿਕ ਸਿੱਖਿਆ ਅਧਿਆਪਕ ਦੀ ਡਿਊਟੀ ਲਾਜਮੀ ਕੀਤੀ ਜਾਂਦੀ ਹੈ।

14. ਨੈਸਨਲ ਸਕੂਲ ਖੇਡਾਂ ਵਿੱਚ ਵਿਅਕਤੀਗਤ ਈਵੈਂਟਸ ਲਈ ਪੰਜਾਬ ਸਕੂਲ ਖੇਡਾਂ ਦੌਰਾਨ ਰਾਜ ਪੱਧਰੀ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਪ੍ਰਾਪਤ ਕਰਲ ਵਾਲੇ ਖਿਡਾਰੀਆਂ ਨੂੰ ਜਰੂਰ ਭੇਜਿਆ ਜਾਵੇਗਾ ਪਰ ਦੂਸਰੇ ਸਥਾਨ ਤੇ ਆਉਣ ਵਾਲੇ ਖਿਡਾਰੀਆਂ ਨੂੰ ਸਕੂਲ ਗੇਮਜ ਫੈਡਰੈਸਨ ਆਫ

ਇੰਡੀਆ ਦੀ ਪਿਛਲੇ ਸਾਲ ਦੀ ਛੇਵੀਂ ਪੁਜੀਸਨ ਤੱਕ ਕੁਆਲੀਫਾਈ ਕਰਨ ਦੀ ਹਾਲਤ ਵਿੱਚ ਹੀ ਭੇਜਿਆ ਜਾਵੇਗਾ।

15. ਨੈਸਨਲ ਸਕੂਲ ਖੇਡਾਂ ਵਿੱਚ ਪੰਜਾਬ ਰਾਜ ਦੀਆਂ ਸਕੂਲੀ ਟੀਮਾਂ ਭੇਜਣ ਲਈ ਰੇਲਵੇ ਰਿਜਰਵੇਸਨ ਬੁਕਿੰਗ ਕਰਵਾਉਣ ਸੰਬੰਧੀ ਹਰ ਸਾਲ 5 ਲੱਖ ਰੁਪਏ ਦੀ ਐਡਵਾਂਸ ਰਾਸੀ ਬਤੌਰ ਰਿਵਾਲਵਿੰਗ ਫੰਡ ਰਾਖਵੀਂ ਰੱਖੀ ਜਾਵੇਗੀ ਅਤੇ ਇਹ ਖਰਚਾ ਇੱਕ ਕਮੇਟੀ ਬਣਾਕੇ ਕੀਤਾ ਜਾਵੇਗਾ।

16. ਲੜਕੀਆਂ ਦੇ ਪ੍ਰੀ-ਨੈਸਨਲ ਕੋਚਿੰਗ ਕੈਂਪ ਲਗਾਉਣ ਸੰਬੰਧੀ ਜਿਲ੍ਹਾ ਲੁਧਿਆਣਾ ਦੇ ਸਹੀਦੇ-ਆਜਮ ਸੁਖਦੇਵ ਥਾਪਰ ਸਰਕਾਰੀ ਕੰ.ਸੀ.ਸੈ.ਸਕੂਲ ਭਾਰਤਨਗਰ ਚੌਂਕ ਵਿਖੇ ਹੋਸਟਲ ਉਸਾਰਿਆ ਜਾਵੇਗਾ ਤਾਂ ਕਿ ਆਉਣ ਵਾਲੇ ਸਮੇਂ ਦੌਰਾਨ ਲੜਕੀਆਂ ਦੇ ਸਾਰੇ ਗਰੁੱਪਾਂ ਦੇ ਕੈਂਪ ਇੱਕੋ ਥਾਂ, ਇਸ ਹੋਸਟਲ ਵਿੱਚ ਲਗਾਏ ਜਾ ਸਕਣ।

17. ਖੇਡ ਵਿਭਾਗ ਪੰਜਾਬ ਤੋਂ ਪੰਜਾਬ ਦੇ ਸਕੂਲੀ ਖਿਡਾਰੀਆਂ ਦੇ ਨੈਸਨਲ ਸਕੂਲ ਖੇਡਾਂ ਵਿੱਚ ਪੰਜਾਬ ਸਰਕਾਰ ਦੀ ਖੇਡ ਨੀਤੀ ਲਾਗੂ ਹੋਣ ਤੋ ਬਾਅਦ ਦੇ ਸਾਰੇ ਸਮੇਂ ਦੇ ਪਹਿਲੀਆਂ ਤਿੰਨ ਪੁਜੀਸਨਾ ਵਾਲੇ ਖਿਡਾਰੀਆਂ ਨੂੰ ਦਿੱਤੀ ਜਾਣ ਵਾਲੀ ਇਨਾਮੀ-ਰਾਸੀ ਇੱਕੋ ਵਾਰ ਪ੍ਰਾਪਤ ਕਰਕੇ ਵਿਸੇਸ ਸਮਾਗਮ ਕਰਕੇ ਸਿੱਖਿਆ ਵਿਭਾਗ ਵੱਲੋਂ ਵੰਡੀ ਜਾਵੇਗੀ।

18.(1) ਹਰ ਸਾਲ ਵਿੱਦਿਅਕ ਵਰ੍ਹੇ ਦੇ ਆਰੰਭ ਵਿਚ ਜਿਲਾ ਟੂਰਨਾਮੈਂਟ ਕਮੇਟੀਦਾ ਗਠਨ ਕੀਤਾ ਜਾਵੇ, ਜਿਸ ਦੇ ਮੈਂਬਰ ਹੇਠ ਲਿਖੇ ਅਨੁਸਾਰ ਹੋਣਗੇ ।

| | | |
|---|---|---|
| (1) | ਪ੍ਰਧਾਨ | ਜਿਲਾ ਸਿਖਿਆ ਅਫਸਰ(ਸੈ:ਸਿ:) |
| (2) | ਸੀਨੀ.ਮੀਤ ਪ੍ਰਧਾਨ | ਪ੍ਰਿੰਸੀਪਲ/ਮੁੱਖ ਅਧਿਆਪਕ/ ਮੁੱਖ ਅਧਿਆਪਕਾ |
| (3) | ਮੀਤ ਪ੍ਰਧਾਨ | (ਪੁਰਸ)ਪ੍ਰਿੰਸੀਪਲ/ਹੈਡ ਮਾਸਟਰ |
| (4) | ਮੀਤ ਪ੍ਰਧਾਨ | (ਇਸਤਰੀ) ਪ੍ਰਿੰਸੀਪਲ/ਹੈਡ ਮਿਸਟ੍ਰੈਸ |
| (5) | ਜਨਰਲ ਸਕੱਤਰ | ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ /ਲੈਕ.(ਫਿਜੀਕਲ ਐਜੂਕੇਸਨ) |
| (6) | ਪ੍ਰਬੰਧਕੀ ਸਕੱਤਰ - ਕਮ ਵਿੱਤ ਸਕੱਤਰ | ਸਹਾਇਕ ਸਿਖਿਆ ਅਫਸਰ(ਖੇਡਾਂ) |
| (7) | ਸਹਾਇਕ ਸਕੱਤਰ | ਲੈਕ.(ਫਿ:ਐਜੂ:)/ਡੀ.ਪੀ.ਈ./ਪੀ.ਟੀ.ਆਈ. |
| (8) | ਆਡੀਟਰ | ਪ੍ਰਿੰਸੀਪਲ/ਹੈਡ ਮਾਸਟਰ/ਹੈਡ ਮਿਸਟ੍ਰੈਸ |
| (9) | ਟੈਕਨੀਕਲ ਮੈਂਬਰ | ਪ੍ਰਧਾਨ ਅਤੇ ਜਨਰਲ ਸਕੱਤਰ ਆਪਸੀ ਤਾਲਮੇਲ ਕਰਕੇ ਹਰਇਕ ਬਲਾਕ ਦਾ ਇਕ ਟੈਕਨੀਕਲ ਮੈਂਬਰ ਨਿਯੁਕਤ ਕਰਨਗੇ। |

ਨੋਟ: ਜੇਕਰ ਕਿਸੇ ਕੋਈ ਅਹੁਦਾ ਬਦਲੀ, ਸੇਵਾ ਮੁਕਤੀ, ਮੌਤ ਕਰਕੇ ਖਾਲੀ ਹੁੰਦਾ ਹੈ ਤਾਂ ਉਸਤੇ ਨਾਮਜਦਗੀ ਕਰਨ ਦਾ ਅਧਿਕਾਰ ਪ੍ਰਧਾਨ ਜਿਲਾ ਟੂਰਨਾਮੈਂਟ ਕਮੇਟੀ ਕੋਲ ਹੋਵੇਗਾ ।

18.(2) ਸਕੂਲ ਗੇਮਜ ਫੈਡਰੇਸਨ ਆਫ ਇੰਡੀਆ ਦੇ ਨਿਯਮਾਂ ਦੇ ਪੰਜਾਬੀ ਅਨੁਵਾਦ ਦਾ ਕਿਤਾਬਚਾ ਛਪਵਾ ਕੇ ਪ੍ਰਾਂਤ ਦੇ ਸਾਰੇ ਸਹਾਇਕ ਸਿੱਖਿਆ ਅਫਸਰਾਂ ਨੂੰ ਉਪਲਬਧ ਕਰਵਾਇਆ ਜਾਵੇਗਾ। ਇਹਨਾਂ ਨਿਯਮਾਂ ਨੂੰ ਸਿੱਖਿਆ ਵਿਭਾਗ ਦੀ ਸਪੋਰਟਸ ਸਾਖਾ ਦੀ ਵੈਬ-ਸਾਈਟ ਤੇ ਵੀ ਉਪਲਬਧ ਕਰਵਾਇਆ ਜਾਵੇਗਾ ।

19. ਖਿਡਾਰੀਆਂ ਦਾ ਮੈਡੀਕਲ/ਐਕਸੀਡੈਂਟਲ ਬੀਮਾ ਕਰਵਾਉਣ ਲਈ ਖਿਡਾਰੀਆਂ ਦੇ ਪ੍ਰੀ- ਨੈਸਨਲ ਕੈਂਪ ਸੁਰੂ ਹੋਣ ਤੋ ਲੈਕੇ ਨੈਸਨਲ ਸਕੂਲ ਖੇਡਾਂ ਉਪਰੰਤ ਵਾਪਿਸ ਆਉਣ ਤੱਕ ਦੇ ਸਮੇਂ ਗਿਣ ਕੇ ਬੀਮਾ ਕਰਵਾਉਣ ਲਈ ਬੀਮਾ ਕੰਪਨੀਆਂ ਨਾਲ ਗੱਲਬਾਤ ਉਪਰੰਤ ਫੈਸਲਾ ਲੈਣ ਦਾ ਅਧਿਕਾਰ ਸਪੋਰਟਸ ਸਾਖਾ ਨੂੰ ਦਿੱਤਾ ਗਿਆ ।

20. ਭਾਰਤ ਸਰਕਾਰ ਖੇਡਾਂ ਅਤੇ ਯੁਵਕ ਮਾਮਲਿਆਂ ਦੇ ਮੰਤਰਾਲੇ ਵਲੋਂ ਫਰਾਡ **"ਨੈਸਨਲ ਕੋਡ ਅਗੇਂਸਟ ਏਜ ਫਰਾਡ ਇਨ ਸਪੋਰਟਸ"** ਵਿੱਚ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਏਗੀ ਅਤੇ ਉਲੰਘਣਾ ਕਰਨ ਵਾਲੇ ਕੋਚਾਂ ਅਤੇ ਸਬੰਧਤ ਸਕੂਲ ਮੁੱਖੀਆਂ ਦੇ ਵਿਰੁੱਧ ਅਨੁਸਾਸਨੀ ਕਾਰਵਾਈ ਕੀਤੀ ਜਾਏਗੀ । ਇਸ ਤੋਂ ਇਲਾਵਾ ਸਪੋਰਟਸ ਅਥਾਰਟੀ ਆਫ ਇੰਡੀਆ ਵਲੋਂ ਨੈਸਨਲ ਐਟੀ ਡੋਪਿੰਗ ਏਜੰਸੀ ਰਾਹੀਂ ਮੁਕਾਬਲਿਆਂ ਦੌਰਾਨ ਸੈਂਪਲ ਲੈਣ ਦੀ ਪ੍ਰਕਿਰਿਆ ਆਰੰਭ ਹੋ ਚੁੱਕੀ ਹੈ। ਜੇਕਰ ਕੋਈ ਅਥਲੀਟ/ ਖਿਡਾਰੀ ਐਂਟੀ ਡੋਪਿੰਗ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਖਿਡਾਰੀ ਅਤੇ ਉਸਦੇ ਕੋਚ ਦੇ ਖਿਲਾਫ ਕਾਰਵਾਈ ਕੀਤੀ ਜਾਏਗੀ । ਇਸ ਸਬੰਧ ਵਿਚ ਹਰ ਇਕ ਸਕੂਲ ਮੁੱਖੀ ਆਪਣੇ ਆਪਣੇ ਸਕੂਲ ਦੇ ਬੱਚਿਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਜਿੰਮੇਵਾਰ ਹੋਣਗੇ ।

21. ਹਰ ਸਾਲ ਘੱਟ ਤੋਂ ਘੱਟ 21 ਦਿਨਾਂ ਦਾ ਸਮਰ ਕੋਚਿੰਗ ਕੈਂਪ, ਸਲਾਰੂ , ਸੁੰਦਰ ਨਗਰ, ਜਾਂ ਕਿਸੇ ਹੋਰ ਪਹਾੜੀ ਸਟੇਸਨ ਤੇ ਜਿੱਥੇ ਪ੍ਰਬੰਧ ਕੀਤਾ ਜਾ ਸਕੇ ਅਤੇ ਸਹੂਲਤਾਂ ਉਪਲਭਧ ਹੋਣ,ਵਿਖੇ ਲਗਾਇਆ ਜਾਵੇ ਅਤੇ ਇਸ ਕੈਂਪ ਵਿੱਚ ਇੱਕ ਸਾਲ ਪਹਿਲਾਂ ਹੋਏ ਸਟੇਟ ਟੂਰਨਾਮੈਂਟ ਦੌਰਾਨ ਅੰਡਰ-14,17 ਉਮਰ ਗੁੱਟ ਦੇ ਜੇਤੂ ਖਿਡਾਰੀ ਵੀ ਸਾਮਿਲ ਕਰਨ ਨੂੰ ਤਰਜੀਹ ਦਿਤੀ ਜਾਵੇਗੀ ।

22. ਖਿਡਾਰੀਆਂ ਲਈ ਖੇਡ-ਕਿੱਟਾਂ ਦੀ ਖਰੀਦ ਸੰਬੰਧੀ ਰਾਜ ਪੱਧਰ ਦੀ ਕਮੇਟੀ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ, ਜਿਸ ਵਿੱਚ ਹੇਠ ਲਿਖੇ ਮੈਬਰ ਹੋਣਗੇ :-

| | | |
|---|---|---|
| (1). | ਡਿਪਟੀ ਡਾਇਰੈਕਟਰ (ਫਿ.ਐ.) | ਚੇਅਰਮੈਨ |
| (2). | ਸਟੇਟ ਆਰਗੇਨਾਈਜਰ (ਫਿ.ਐ.) | ਮੈਬਰ |
| (3). | ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਸ.ਅ.ਸ.ਨਗਰ | ਮੈਬਰ |
| (4). | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਰੂਪਨਗਰ | ਮੈਬਰ |
| (5). | ਡੀ.ਸੀ.ਐਫ.ਏ. (ਬਜਟ) | ਮੈਬਰ |

ਇਹ ਪ੍ਰਵਾਨ ਕੀਤੀ ਕਮੇਟੀ ਵਿੱਦਿਅਕ ਸਾਲ ਅਰੰਭ ਹੋਣ ਤੋਂ ਹੀ ਜਰੂਰਤ ਅਨੁਸਾਰ ਸਮਾਨ/ਪਲੇਇੰਗ-ਕਿੱਟ ਦੀ ਖ਼ਰੀਦ ਕਰਕੇ ਸਟਾਕ ਕਰੇਗੀ। ਹਰ ਇੱਕ ਖਿਡਾਰੀ ਨੂੰ ਦਿੱਤੀ ਜਾਣ ਵਾਲੀ ਕਿੱਟ ਦੀ ਕੀਮਤ 1500/- ਰੁਪਏ ਤੋਂ ਵਧਾਕੇ 2500/- ਰੁਪਏ ਪ੍ਰਤੀ ਖਿਡਾਰੀ ਹਿਸਾਬ ਦੇ ਨਾਲ ਖਰੀਦ ਕਰਨ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ। ਖੇਡ ਕਿੱਟਾਂ ਦੀ ਖਰੀਦ ਸਬੰਧੀ ਬਣਾਈ ਗਈ ਕਮੇਟੀ ਪੰਜਾਬ ਵਿੱਤੀ ਨਿਯਮਾਂਵਲੀ ਦੇ ਉਪਬੰਧਾਂ ਅਨੁਸਾਰ ਖਰੀਦ ਕਰਨ ਦੀ ਮੁਢਲੀ ਪ੍ਰਕਿਰਿਆ ਕਰਨ ਉਪਰੰਤ ਸਮਰਥ ਅਧਿਕਾਰੀ ਤੋਂ ਪ੍ਰਬੰਧਕੀ ਪ੍ਰਵਾਨਗੀ ਲੈਕੇ ਖਰੀਦ ਕਰੇਗੀ ।

23. ਰਾਸਟਰੀ ਸਕੂਲਾਂ ਖੇਡਾਂ ਤੇ ਹੋਣ ਵਾਲੇ ਖਰਚਿਆਂ ਦੀ ਇੱਕੋ ਮਿਸਲ ਤੇ ਪ੍ਰਵਾਨਗੀ ਮੱਦ ਵਾਰ ਦਿੱਤੀ ਜਾਏਗੀ ਹੈ ਅਤੇ ਉਸ ਪ੍ਰਵਾਨ ਹੋਏ ਬਜਟ ਅਨੁਸਾਰ ਰਾਸੀ ਖਰਚ ਕੀਤੀ ਜਾਏਗੀ । ਖੇਡ-ਵਿੰਗਾਂ ਸੰਬੰਧੀ ਵੱਖਰੀ ਮੀਟਿੰਗ ਰੱਖਕੇ ਫੈਸਲਾ ਕਰਨ ਲਈ ਆਦੇਸ ਦਿੱਤੇ ਗਏ।

24. ਸਵੇਰੇ ਸਾਮ ਕੋਚਿੰਗ ਕੈਂਪ ਦੇ ਸੰਬੰਧ ਵਿੱਚ ਫੈਸਲਾ ਕੀਤਾ ਗਿਆ ਕਿ ਜੋ ਸਰੀਰਿਕ ਸਿੱਖਿਆ ਅਧਿਆਪਕ ਸਾਮ ਨੂੰ 2 ਘੰਟੇ ਬੱਚਿਆਂ ਨੂੰ ਟ੍ਰੇਨਿੰਗ ਦਿੰਦਾ ਹੈ, ਉਸ ਨੂੰ ਸਕੂਲ ਟਾਈਮ ਵਿੱਚ 2 ਘੰਟੇ ਦੀ ਰਿਲਕੈਸੇਸਨ ਦਿੱਤੀ ਜਾਵੇਗੀ । ਸਰਦੀਆ ਵਿੱਚ ਟ੍ਰੇਨਿੰਗ ਦੇਣ ਦਾ ਸਮਾਂ ਸਾਮ 3 ਵਜੇ ਤੋਂ 5 ਵਜੇ ਤੱਕ ਅਤੇ ਗਰਮੀਆਂ ਵਿੱਚ ਸਾਮ ਦਾ ਸਮਾਂ 5 ਵਜੇ ਤੋਂ 7 ਵਜੇ ਤੱਕ ਹੋਵੇਗਾ।

25 ਰਾਜ ਵਿੱਚ ਕੰਮ ਕਰ ਰਹੇ ਸਿੱਖਿਆ ਸਰੀਰਕ ਅਧਿਆਪਕਾ ਦੀਆਂ ਕਾਰਗੁਜਾਰੀ ਨੂੰ ਵਧਾਉਣ ਲਈ ਅਤੇ ਉਹਨਾਂ ਦਾ ਮਨੋਬਲ ਉੱਚਾ ਚੁੱਣ ਲਈ ਉਹਨਾ ਦੀ ਵਿੱਦਿਅਕ ਵਰ੍ਹੇ ਦੌਰਾਨ ਕੀਤੀ ਗਈ ਕਾਰਗੁਜਾਰੀ ਦੇ ਆਧਾਰ ਤੇ ਜਿਲ੍ਹਾ ਪੱਧਰ ਤੇ ਹਰ ਇੱਕ ਜਿਲ੍ਹੇ ਵਿਚੋਂ ਇੱਕ ਸਰਬੋਤਮ ਸਰੀਰਿਕ ਸਿੱਖਿਆ ਅਧਿਆਪਕ ਚੁਣਿਆ ਜਾਵੇ ਅਤੇ ਅਤੇ ਉਸ ਦੀ ਸੇਵਾ ਰਿਕਾਰਡ ਵਿਚ ਵੀ ਇਦਰਾਜ ਕੀਤਾ ਜਾਵੇ । ਉਸ ਨੂੰ ਸਿੱਖਿਆ ਵਿਭਾਗ ਵੱਲੋਂ 5100/- ਰੁਪਏ ਸਨਮਾਨ ਰਾਸੀ ਸਮੇਤ ਸਰਟੀਫਿਕੇਟ ਦਿੱਤਾ ਜਾਵੇਗਾ। ਇਸੇ ਤਰ੍ਹਾਂ ਰਾਜ-ਪੱਧਰ ਤੇ ਸਰਬੋਤਮ ਕੰਮ ਕਰਨ ਵਾਲੇ ਸਰੀਰਿਕ ਸਿੱਖਿਆ ਅਧਿਆਪਕ ਨੂੰ **ਕੋਚ ਆਫ ਦਾ ਈਅਰ** ਐਵਾਰਡ ਨਾਲ ਸਨਮਾਨਿਆ ਜਾਵੇਗਾ ਅਤੇ ਉਸ ਨੂੰ 21000/- ਰੁਪਏ ਦੀ ਸਨਮਾਨ ਰਾਸੀ ਸਮੇਤ ਸਰਟੀਫਿਕੇਟ ਦਿੱਤੇ ਜਾਣ ਅਤੇ ਉਸ ਨੂੰ ਸੇਵਾ ਵਿੱਚ ਇੱਕ ਸਾਲ ਦਾ ਵਾਧਾ ਕੀਤਾ ਜਾਵੇਗਾ ।

26. ਸਹਾਇਕ ਸਿੱਖਿਆ ਅਫਸਰ ਖੇਡਾਂ ਵਲੋਂ ਖੇਡ ਪ੍ਰਬੰਧਾਂ ਲਈ ਲਗਾਈ ਡਿਊਟੀ ਲਈ ਸਕੂਲ ਮੁੱਖੀ ਅਧਿਆਪਕ ਨੂੰ ਫਾਰਗ ਕਰਨ ਲਈ ਪਾਬੰਦ ਹੋਣਗੇ।

27. ਸਟੇਟ ਟੂਰਨਾਮੈਂਟ ਦਾ ਆਨ-ਲਾਈਨ ਐਂਟਰੀ ਸਿਸਟਮ ਨਾਲ ਸੁਰੂ ਕਰਨ ਦੇ ਨਾਲ-ਨਾਲ ਸਪੋਰਟਸ-ਸਾਖਾ ਦੀ ਵੱਖਰੀ ਵੈਬਸਾਈਟ ਤਿਆਰ ਕੀਤੀ ਜਾਵੇਗੀ । ਸਪੋਰਟਸ-ਸਾਖਾ ਦਾ ਸਾਰਾ ਕੰਮ ਕੰਪਿਊਟਰ ਰਾਂਹੀ ਕੀਤਾ ਜਾਵੇਗਾ ।

28. ਮਹਾਰਾਸਟਰ ਅਤੇ ਗੋਆ ਰਾਜ ਦੀ ਤਰਜ ਤੇ ਪੰਜਾਬ ਰਾਜ ਦੀਆਂ ਸਕੂਲ ਖੇਡਾਂ ਵਿੱਚੋਂ ਪਹਿਲੀਆਂ ਤਿੰਨ ਪੁਜੀਸਨਾਂ ਲੈਣ ਵਾਲੇ ਖਿਡਾਰੀਆਂ ਨੂੰ 15 ਵਾਧੂ-ਅੰਕ ਅਤੇ ਰਾਸਟਰੀ ਸਕੂਲ ਖੇਡਾਂ ਵਿੱਚੋਂ ਪਹਿਲੀਆਂ ਤਿੰਨ ਪੁਜੀਸਨਾਂ ਲੈਣ ਵਾਲੇ ਖਿਡਾਰੀਆਂ ਨੂੰ 25 ਵਾਧੂ-ਅੰਕ ਦਿੱਤੇ ਜਾਣਗੇ। ਇਸ ਸਬੰਧੀ ਸਪੋਰਟਸ-ਸਾਖਾ ਵੱਲੋਂ ਵੱਖਰੀ ਮਿਸਲ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜੀ ਜਾਵੇਗੀ।

29. ਪੰਜਾਬ ਸਕੂਲ ਫਿਜੀਕਲ ਐਜੂਕੇਸ਼ਨ ਡਿਵੈਲਪਮੈਂਟ ਫੰਡ ਕਮੇਟੀ ਦੇ ਕਰਮਚਾਰੀਆਂ ਨੂੰ ਡਾਇਰੈਕਟਰ ਸਿੱਖਿਆ ਵਿਭਾਗ ਵਿੱਚ ਮੌਜੂਦਾ ਮਿਤੀ ਤੋਂ ਵਿਭਾਗ ਵਿੱਚ ਖਾਲੀ ਪੋਸਟਾ ਵਿਰੁਧ ਸਰਕਾਰੀ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਮਰਜ ਕਰਨ ਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਮਿਤੀ, ਚੰਡੀਗੜ੍ਹ — ਹੁਸਨ ਲਾਲ

2, ਅਗਸਤ, 2012 — ਸਕੱਤਰ ਸਕੂਲ ਸਿੱਖਿਆ

ਪਿ:ਅੰ:ਨੰ: 11/50/93-3ਸਿ2/ — ਮਿਤੀ,ਚੰਡੀਗੜ੍ਹ

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ(ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।

ਵਧੀਕ ਸਕੱਤਰ ਸਕੂਲ ਸਿੱਖਿਆ

ਪਿ:ਅੰ:ਨੰ: 11/50/93-3ਸਿ2/ ਮਿਤੀ, ਚੰਡੀਗੜ੍ਹ

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ/ਸਿੱਖਿਆ ਮੰਤਰੀ ਜੀ,ਮਾਨਯੋਗ ਸਿੱਖਿਆ ਮੰਤਰੀ ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਕੱਤਰ/ਸਕੱਤਰ ਸਕੂਲ ਸਿੱਖਿਆ ਵਿਭਾਗ,ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੀ ਜਾਣਕਾਰੀ ਹਿੱਤ।
3. ਪੀ.ਏ. ਟੂ ਐਡੀਸਨਲ ਸਕੱਤਰ ਸਕੂਲ ਸਿੱਖਿਆ
4. ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ।

ਵਧੀਕ ਸਕੱਤਰ ਸਕੂਲ ਸਿੱਖਿਆ

ਪਿ:ਅੰ:ਨੰ: 11/50/93-3ਸਿ2/5530 ਮਿਤੀ, ਚੰਡੀਗੜ੍ਹ-07-08-12

ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.) ਪੰਜਾਬ ਨੂੰ ਸੂਚਨਾ/ਯੋਗ/ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-

ਵਧੀਕ ਸਕੱਤਰ ਸਕੂਲ ਸਿੱਖਿਆ

ਪਿ:ਅੰ:ਨੰ: 11/50/93-3ਸਿ2/ ਮਿਤੀ, ਚੰਡੀਗੜ੍ਹ

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿਖਿਆ-ਕਮ-ਵਿਸੇਸ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ),ਪੰਜਾਬ ਚੰਡੀਗੜ੍ਹ।
3. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿ),ਪੰਜਾਬ ਚੰਡੀਗੜ੍ਹ।
4. ਡਿਪਟੀ ਡਾਇਰੈਕਟਰ (ਫਿਜਿਕਲ ਐਜੂਕੇਸਨ) ਦਫਤਰ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ),ਪੰਜਾਬ ਚੰਡੀਗੜ੍ਹ।
5. ਸਟੇਟ ਆਰਗੇਨਾਈਜਰ(ਫਿਜਿਕਲ ਐਜੂਕੇਸਨ)ਦਫਤਰ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ),ਪੰਜਾਬ ਚੰਡੀਗੜ੍ਹ।

ਵਧੀਕ ਸਕੱਤਰ ਸਕੂਲ ਸਿੱਖਿਆ

ਉਪਰੋਕਤ ਦਾ ਇੱਕ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸਨਰੀ ਵਿਭਾਗ ਪੰਜਾਬ, ਚੰਡੀਗੜ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਸਰਕਾਰ ਦੇ ਅਗਲੇ ਗਜਟ ਵਿੱਚ ਛਾਪਣ ਉਪਰੰਤ 50 ਕਾਪੀਆਂ ਸਰਕਾਰ ਨੂੰ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਵਧੀਕ ਸਕੱਤਰ ਸਕੂਲ ਸਿੱਖਿਆ

ਅੰਦਰੂਨੀ ਵੰਡ

ਸੁਪਰਡੰਟ ਸਿੱਖਿਆ 1, 2, 3, 4, 5, 6 ਅਤੇ 7